# ਕਾਨੂੰਨ

## ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (National Labor Relations Act)

ਕਾਂਗ੍ਰੇਸ ਨੇ 1935 ਵਿੱਚ, ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ ("NLRA") ਪਾਸ ਕੀਤਾ ਸੀ, ਜਿਸ ਵਿੱਚ ਇਹ ਗੱਲ ਸਪੱਸ਼ਟ ਕੀਤੀ ਗਈ ਹੈ ਕਿ ਅਮਰੀਕਾ ਦੀ ਪਾੱਲਿਸੀ ਹੈ ਕਿ ਮੁਲਾਜ਼ਮਾਂ ਦੀ ਐਸੋਸੀਏਸ਼ਨ ਦੀ ਪੂਰੀ ਅਜ਼ਾਦੀ ਦੀ ਰਾਖੀ ਕਰਕੇ ਸਮੂਹਕ ਸੌਦੇਬਾਜ਼ੀ ਨੂੰ ਉਤਸਾਹਿਤ ਕੀਤਾ ਜਾਏ। NLRA, ਨਿਜੀ-ਖੇਤਰ ਦੀਆਂ ਕੰਮ ਵਾਲੀਆਂ ਥਾਵਾਂ 'ਤੇ ਮੁਲਾਜ਼ਮਾਂ ਨੂੰ ਬਦਲੇ ਦੀ ਕਾਰਵਾਈ ਦੇ ਡਰ ਤੋਂ ਬਿਨਾ ਕੰਮ ਕਰਨ ਦੀਆਂ ਬਿਹਤਰ ਸਥਿਤੀਆਂ ਅਤੇ ਨੁਮਾਇੰਦਗੀ ਦੇ ਅਹੁਦੇ ਦੀ ਮੰਗ ਕਰਨ ਦੇ ਬੁਨਿਆਦੀ ਹੱਕ ਦਿੰਦਿਆਂ, ਕੰਮ ਵਾਲੀ ਥਾਂ 'ਤੇ ਲੋਕਰਾਜ ਦੀ ਰਾਖੀ ਕਰਦਾ ਹੈ।

## ਕਾਨੂੰਨ ਕੀ ਹੈ?

ਬਹੁਤੇ ਮੁਲਾਜ਼ਮਾਂ ਦੀ ਰਾਖੀ ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ ਹੀ ਕਰਦਾ ਹੈ, ਕੰਮ ਵਾਲੀ ਥਾਂ 'ਤੇ ਭਾਵੇਂ ਉਹ ਯੂਨੀਅਨ ਦੇ ਮੈਂਬਰ ਹਨ ਜਾਂ ਯੂਨੀਅਨ ਦੇ ਮੈਂਬਰ ਨਹੀਂ ਹਨ। ਹੜਤਾਲਾਂ, ਸੰਗਠਿਤ ਸਰਗਰਮੀ, NLRA ਹੇਠਲੇ ਸੋਸ਼ਲ ਮੀਡੀਆ ਦੀ ਵਰਤੋਂ, ਯੂਨੀਅਨ ਦੇ ਬਕਾਏ, ਅਤੇ ਹੋਰ ਬਹੁਤ ਸਾਰੀਆਂ ਗੱਲਾਂ ਬਾਰੇ ਜਾਣਨ ਲਈ ਇਸ ਪੰਨੇ 'ਤੇ ਜਾਓ।

---

## ਅਧਿਕਾਰ-ਖੇਤਰ ਦੇ ਮਿਆਰ

ਬੋਰਡ ਦਾ ਨਿਜੀ ਖੇਤਰ ਦੇ ਉਹਨਾਂ ਨੌਕਰੀਦਾਤਿਆਂ 'ਤੇ ਕਾਨੂੰਨੀ ਅਖ਼ਤਿਆਰ ਹੈ, ਜਿਹਨਾਂ ਦੇ ਅੰਤਰਰਾਜੀ ਕਾਰੋਬਾਰ ਵਿਚਲੀ ਸਰਗਰਮੀ ਘੱਟੋ-ਘੱਟ ਪੱਧਰ ਤੋਂ ਵੱਧ ਹੈ। ਇਸ ਨੇ ਅਧਿਕਾਰ ਖੇਤਰ ਦੀ ਪੁਸ਼ਟੀ ਕਰਦਿਆਂ, ਸਾਲਾਂ ਬੱਧੀ ਮਿਆਰ ਸਥਾਪਤ ਕੀਤੇ ਹਨ, ਜਿਹਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।